# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਮਾਨਸਾ

ਵੱਲ

ਸਮੂਹ ਸਕੂਲ ਮੁਖੀ (ਵੈਬ ਸਾਇਟ ਰਾਹੀਂ)
ਸਸਸ/ਸਹਸ/ਸਮਿਸ
ਜ਼ਿਲ੍ਹਾ ਮਾਨਸਾ

ਪੱਤਰ ਨੰ: ਆਈ.ਸੀ.ਟੀ./ਆਰ.ਟੀ.ਆਈ./2023/321636 ਮਿਤੀ: 04.12.2023

ਵਿਸ਼ਾ:- ਸੂਚਨਾ ਅਧਿਕਾਰ ਐਕਟ ਦੇ ਤਹਿਤ ਮੰਗੀ ਗਈ ਸੂਚਨਾ ਦੇਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਪ੍ਰੇਮ ਕੁਮਾਰ ਰਤਨ ਪੁੱਤਰ ਅਯੁੱਧਿਆ ਪ੍ਰਸ਼ਾਦ ਮ.ਨੰ.78/8 ਪਾਰਕ ਰੋਡ, ਨਿਊ ਮੰਡੀ ਧੂਰੀ ਤਹਿਸੀਲ ਧੂਰੀ ਜ਼ਿਲ੍ਹਾ ਸੰਗਰੂਰ ਵੱਲੋਂ ਨਾਲ ਨੱਥੀ ਪੱਤਰ ਮੁਤਾਬਿਕ ਆਰ.ਟੀ.ਆਈ. ਤਹਿਤ ਮੰਗੀ ਗਈ ਜਿਸ ਸੂਚਨਾ ਦਾ ਸਬੰਧ ਆਪਜੀ ਦੇ ਸਕੂਲ ਨਾਲ ਹੈ ਅਤੇ ਇਹ ਸੂਚਨਾ ਆਪ ਦੇ ਪੱਧਰ ਤੇ ਉਪਲਭਧ ਕਰਵਾਈ ਜਾਣੀ ਹੈ।

ਇਸ ਕਰਕੇ ਸੂਚਨਾ ਅਧਿਕਾਰ ਐਕਟ ਦੇ ਸੈਕਸ਼ਨ 6(3) 2 ਦੇ ਉਪਬੰਧਾਂ ਅਧੀਨ ਪ੍ਰਾਪਤ ਪ੍ਰਤੀ-ਬੇਨਤੀ ਮੂਲ ਰੂਪ ਵਿੱਚ ਸਮੇਤ ਸਹਿ-ਪੱਤਰ ਆਪਜੀ ਨੂੰ ਤਬਦੀਲ ਕੀਤੀ ਜਾਂਦੀ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਬਣਦੀ ਕਾਰਵਾਈ ਕਰਕੇ ਜਲਦ ਤੋਂ ਜਲਦ ਸਿੱਧੇ ਤੌਰ ਤੇ ਲੋੜੀਂਦੀ ਫੀਸ ਪ੍ਰਾਪਤ ਕਰਕੇ ਪ੍ਰਾਰਥੀ ਨੂੰ ਸੂਚਨਾ ਉਪਲਬਧ ਕਰਵਾਈ ਜਾਵੇ ਅਤੇ ਇਸ ਦਫ਼ਤਰ ਨੂੰ ਵੀ ਸੂਚਿਤ ਕੀਤਾ ਜਾਵੇ ਜੀ।ਜੇਕਰ ਨਿਯਮਾਂ/ਐਕਟ ਅਧੀਨ ਕੋਈ ਸੂਚਨਾ ਬਿਨੈਕਾਰ ਨੂੰ ਮੁਹਈਆ ਨਹੀਂ ਕਰਵਾਈ ਜਾ ਸਕਦੀ ਤਾਂ ਉਸ ਬਾਰੇ ਵੀ ਬਿਨੈਕਾਰ ਨੂੰ ਸੂਚਿਤ ਕੀਤਾ ਜਾਵੇ।ਇਸ ਸਬੰਧੀ ਕਿਸੇ ਪ੍ਰਕਾਰ ਦੀ ਦੇਰੀ ਜਾਂ ਅਣਗਹਿਲੀ ਦੀ ਨਿਰੋਲ ਜੁਮੇਵਾਰੀ ਆਪਜੀ ਦੇ ਦਫ਼ਤਰ/ਸਕੂਲ ਦੇ ਸਬੰਧਤ ਕਰਮਚਾਰੀ/ਅਧਿਕਾਰੀ ਦੀ ਹੋਵੇਗੀ। ਦੇਰੀ ਸਬੰਧੀ ਅਗਰ ਇਸ ਕੇਸ ਵਿੱਚ ਕਾਸਟ ਪਾਈ ਜਾਂਦੀ ਹੈ ਤਾਂ ਉਸ ਬਾਰੇ ਵੀ ਆਪਦੀ ਜਿੰਮੇਵਾਰੀ ਹੋਵੇਗੀ।

ਪਬਲਿਕ ਇੰਨਫਰਮੈਸ਼ਨ ਅਫ਼ਸਰ-ਕਮ-ਉਪ
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮਾਨਸਾ।

ਪਿੰਠ ਅੰਕਣ ਨੰਬਰ: ਉਕਤ ਮਿਤੀ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

1. ਪ੍ਰੇਮ ਕੁਮਾਰ ਰਤਨ ਪੁੱਤਰ ਅਯੁੱਧਿਆ ਪ੍ਰਸ਼ਾਦ ਮ.ਨੰ.78/8 ਪਾਰਕ ਰੋਡ, ਨਿਊ ਮੰਡੀ ਧੂਰੀ ਤਹਿਸੀਲ ਧੂਰੀ ਜ਼ਿਲ੍ਹਾ ਸੰਗਰੂਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਪਬਲਿਕ ਇੰਨਫਰਮੈਸ਼ਨ ਅਫ਼ਸਰ-ਕਮ-ਉਪ
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮਾਨਸਾ।

REGD

1 ਕ/2 23/11/17

## ਫਾਰਮ-ਏ

## ਪਬਲਿਕ ਸੂਚਨਾ ਅਫ਼ਸਰ

**ਦਫ਼ਤਰ : ਜਿਲਾ ਸਿੱਖਿਆ ਅਫ਼ਸਰ, ਮਾਨਸਾ (ਜਿਲਾ ਮਾਨਸਾ)**

**ਐਕਟ ਦੇ ਸ਼ੈਕਸ਼ਨ 6 (1) ਅਧੀਨ ਸੂਚਨਾ ਲਈ ਬਿਨੈ-ਪੱਤਰ**

1. ਬਿਨੈਕਾਰ ਦਾ ਨਾਂ :- **ਪ੍ਰੇਮ ਕੁਮਾਰ ਰਤਨ**
2. ਪਿਤਾ/ਪਤੀ/ਪਤਨੀਂ ਦਾ ਨਾਂ :- **ਅਯੁੱਧਿਆ ਪ੍ਰਸ਼ਾਦ**
3. ਪੱਕਾ ਪਤਾ :- **ਮ.ਨੰ.78/8 ਪਾਰਕ ਰੋਡ, ਨਿਊ ਮੰਡੀ ਧੂਰੀ ਤਹਿਸੀਲ ਧੂਰੀ (ਸੰਗਰੂਰ)।**
4. ਪੱਤਰ ਵਿਹਾਰ ਲਈ ਪਤਾ :- **-ਉਕਤ-**
5. ਵਿਸ਼ੇਸ਼ ਤੌਰ ਤੇ ਜੋ ਸੂਚਨਾ ਲੋੜੀਂਦੀ ਹੈ :- **ਤਸਦੀਕ ਸ਼ੁਦਾ ਤੇ ਪੜਨਯੋਗ**

   ੳ) ਸੂਚਨਾ ਦਾ ਵਿਸ਼ਾ :- **ਜਿਲਾ ਸਿੱਖਿਆ ਦਫਤਰ ਮਾਨਸਾ ਦੀ ਕਾਰਗੁਜਾਰੀ, ਕੰਪਿਊਟਰ ਲੈਬਾਂ, ਬਿਲਾਂ ਆਦਿ ਨਾਲ ਸੰਬੰਧਤ।**

   ਅ) ਸਮਾਂ ਜਿਸ ਨਾਲ ਇਹ ਸੂਚਨਾ ਸੰਬੰਧ :- **ਪਿਛਲੇ 15 ਸਾਲਾਂ ਤੋਂ ਲੈ ਕੇ ਸੂਚਨਾ ਜਾਰੀ ਕਰਨ ਦੇ ਸਮੇਂ ਤੱਕ।**

   ੲ) ਲੋੜੀਂਦੀ ਸੂਚਨਾਂ ਦਾ ਵੇਰਵਾ :-

**ਹੱਕ ਸੂਚਨਾ ਐਕਟ 2005 ਤਹਿਤ ਨਿਮਨ ਲਿਖਤ ਸੂਚਨਾ ਲੋੜੀਂਦੀ ਹੈ-**

1. **ਜ਼ਿਲ੍ਹਾ ਸਿੱਖਿਆ ਦਫ਼ਤਰ ਮਾਨਸਾ ਅਧੀਨ ਆਉਂਦੇ ਜਿਹੜੇ-ਜਿਹੜੇ ਸਰਕਾਰੀ ਸਕੂਲਾਂ ਵਿੱਚ ਕੰਪਿਊਟਰ ਲੈਬਜ਼ ਜਿਹੜੇ-ਜਿਹੜੇ ਸਮੇਂ ਤੋਂ ਚਾਲੂ ਹਨ; ਉਨ੍ਹਾਂ ਤਮਾਮ ਸਕੂਲਾਂ ਦੀ ਸੂਚੀ ਲੋੜੀਂਦੀ ਹੈ।**
2. **ਜ਼ਿਲ੍ਹਾ ਸਿੱਖਿਆ ਦਫ਼ਤਰ ਮਾਨਸਾ ਅਧੀਨ ਆਉਂਦੇ ਸਰਕਾਰੀ ਸਕੂਲਾਂ ਨੂੰ ਵੱਖ ਵੱਖ ਸਮੇਂ ਦੌਰਾਨ ਜਿੰਨੇ ਜਿੰਨੇ ਕੰਪਿਊਟਰ ਦਿੱਤੇ ਗਏ ਹਨ, ਉਸ ਸੰਬੰਧੀ ਹਰ ਪੱਖੋਂ ਮੁਕੰਮਲ ਸੂਚੀ ਲੋੜੀਂਦੀ ਹੈ।**
3. **ਜ਼ਿਲ੍ਹਾ ਸਿੱਖਿਆ ਦਫ਼ਤਰ ਮਾਨਸਾ ਅਧੀਨ ਆਉਂਦੇ ਤਮਾਮ ਸਰਕਾਰੀ ਸਕੂਲਾਂ ਵਿੱਚ ਜਿਹੜੇ ਜਿਹੜੇ ਸਮੇਂ ਦੌਰਾਨ ਕੰਪਿਊਟਰ ਅਧਿਆਪਕ ਜਿੰਨੇ ਸਮੇਂ ਤੱਕ ਤੈਨਾਤ ਰਹੇ ਹਨ, ਉਨ੍ਹਾਂ ਤਮਾਮ ਅਧਿਆਪਕਾਂ ਦੀ ਸੂਚੀ ਸਮੇਤ ਸਮਾਂ ਲੋੜੀਂਦੇ ਹਨ।**
4. **ਜ਼ਿਲ੍ਹਾ ਸਿੱਖਿਆ ਦਫ਼ਤਰ ਮਾਨਸਾ ਅਧੀਨ ਆਉਂਦੇ ਤਮਾਮ ਸਰਕਾਰੀ ਸਕੂਲਾਂ ਦੀਆਂ ਕੰਪਿਊਟਰ ਲੈਬਾਂ ਵਿੱਚ ਲੱਗੇ ਕੰਪਿਊਟਰਾਂ ਦੀ ਮੁਰੰਮਤ ਲਈ ਪਿਛਲੇ 15 ਸਾਲਾਂ ਤੋਂ ਲੈ ਕੇ ਸੂਚਨਾ ਜਾਰੀ ਕਰਨ ਦੇ ਸਮੇਂ ਤੱਕ ਕੰਪਿਊਟਰਾਂ ਦੀ ਮੁਰੰਮਤ, ਰੱਖ ਰਖਾਵ, ਅਪਗ੍ਰੇਡੇਸ਼ਨ, ਰਿਪਲੇਸਮੈਂਟ ਆਦਿ ਆਦਿ ਸੰਬੰਧੀ ਜਿੰਨੀ ਜਿੰਨੀ ਗਰਾਂਟ/ਫੰਡ ਜਾਰੀ ਕੀਤਾ ਗਿਆ ਹੈ, ਉਸ ਸੰਬੰਧੀ ਮੁਕੰਮਲ ਦਸਤਾਵੇਜੀ ਸੂਚਨਾ ਲੋੜੀਂਦੀ ਹੈ।**
5. **ਜ਼ਿਲ੍ਹਾ ਸਿੱਖਿਆ ਦਫ਼ਤਰ ਮਾਨਸਾ ਅਧੀਨ ਆਉਂਦੇ ਤਮਾਮ ਸਰਕਾਰੀ ਸਕੂਲਾਂ ਦੁਆਰਾ ਕੰਪਿਊਟਰਾਂ ਦੀ ਮੁਰੰਮਤ ਲਈ ਫੰਡ ਦੀ ਪ੍ਰਾਪਤੀ ਕਰਨ ਸੰਬੰਧੀ ਜਿਲਾ ਸਿੱਖਿਆ ਦਫਤਰ ਮਾਨਸਾ ਨਾਲ ਪੱਤਰ ਵਿਵਹਾਰ ਕੀਤਾ ਗਿਆ ਹੈ, ਉਨ੍ਹਾਂ ਤਮਾਮ ਪੱਤਰਾਂ ਦੀਆਂ ਕਾਪੀਆਂ ਲੋੜੀਂਦੀਆਂ ਹਨ।**
6. **ਜ਼ਿਲ੍ਹਾ ਸਿੱਖਿਆ ਅਫਸਰ ਮਾਨਸਾ ਵੱਲੋਂ ਪਿਛਲੇ 15 ਸਾਲਾਂ ਦੌਰਾਨ ਜੋ ਸ.ਸ.ਸ.ਸਕੂਲ ਨੰਗਲ ਕਲਾਂ, ਸ.ਸ.ਸ.ਸਕੂਲ ਮਾਨਸਾ ਮੁੰਡੇ, ਸ.ਸ.ਸ.ਸਕੂਲ ਭੰਮੇਕਲਾਂ, ਸ.ਸ.ਸ.ਸਕੂਲ ਖਾਰਾ, ਸ.ਸ.ਸ.ਸਕੂਲ ਮੂਸਾ, ਸ.ਸ.ਸ.ਸਕੂਲ ਕੋਟੜਾਕਲਾਂ, ਸ.ਸ.ਸ.ਸਕੂਲ ਅੱਕਾਂਵਾਲੀ ਦੀਆਂ ਕੰਪਿਊਟਰ ਲੈਬਾਂ ਦੀ ਚੈਕਿੰਗ ਕੀਤੀ ਗਈ**

ਹੈ, ਚੈਕਿੰਗ ਦੀ ਤਾਰੀਖ ਅਤੇ ਸਮਾਂ, ਚੈਕਿੰਗ ਦੌਰਾਨ ਪਾਈਆਂ ਗਈਆਂ ਖਾਮੀਆਂ ਸੰਬੰਧੀ ਦਿੱਤੇ ਗਏ ਨੋਟ, ਚੈਕਿੰਗ ਦੌਰਾਨ ਖਰਾਬ ਪਾਏ ਗਏ ਕੰਪਿਊਟਰਾਂ ਦੀ ਸੂਚੀ ਭਾਵ ਚੈਕਿੰਗ ਨਾਲ ਸੰਬੰਧਤ ਹਰ ਤੱਥਾਂ ਸੰਬੰਧੀ ਦਸਤਾਵੇਜੀ ਸੂਚਨਾ ਲੋੜੀਂਦੀ ਹੈ।

7. ਪਿਛਲੇ 15 ਸਾਲਾਂ ਤੋਂ ਲੈ ਕੇ ਸੂਚਨਾ ਜਾਰੀ ਕਰਨ ਦੇ ਸਮੇਂ ਤੱਕ ਪੰਜਾਬ ਸਰਕਾਰ ਵੱਲੋਂ ਜਿਲ੍ਹਾ ਸਿੱਖਿਆ ਦਫਤਰ ਮਾਨਸਾ ਨੂੰ ਕੰਪਿਊਟਰ ਖਰੀਦ ਕਰਨ ਸੰਬੰਧੀ ਜੋ ਜੋ ਫੰਡ ਜਿਹੜੇ ਜਿਹੜੇ ਸਮੇਂ ਦੌਰਾਨ ਜਾਰੀ ਕੀਤਾ ਗਿਆ ਹੈ, ਫੰਡ ਜਾਰੀ ਕਰਨ ਅਤੇ ਕੰਪਿਊਟਰਾਂ ਦੀ ਖਰੀਦ ਕਰਨ ਸੰਬੰਧੀ ਜੋ ਜੋ ਪੱਤਰ ਵਿਵਹਾਰ ਕੀਤਾ ਗਿਆ ਹੈ, ਉਸ ਸੰਬੰਧੀ ਮੁਕੰਮਲ ਦਸਤਾਵੇਜੀ ਸੂਚਨਾ ਲੋੜੀਂਦੀ ਹੈ।
8. ਜ਼ਿਲ੍ਹਾ ਸਿੱਖਿਆ ਦਫ਼ਤਰ ਮਾਨਸਾ ਅਧੀਨ ਆਉਂਦੇ ਤਮਾਮ ਸਰਕਾਰੀ ਸਕੂਲਾਂ ਦੀਆਂ ਕੰਪਿਊਟਰ ਲੈਬਾਂ ਵਿੱਚ ਜਿਹੜੇ ਜਿਹੜੇ ਸਮੇਂ ਤੋਂ ਜਿੰਨੇ ਜਿੰਨੇ ਕੰਪਿਊਟਰ ਖ਼ਰਾਬ ਚੱਲਦੇ ਆ ਰਹੇ ਹਨ, ਉਸ ਸੰਬੰਧੀ ਮੁਕੰਮਲ ਦਸਤਾਵੇਜੀ ਸੂਚਨਾ ਲੋੜੀਂਦੀ ਹੈ, ਜਿਸਤੋਂ ਸਪੱਸ਼ਟ ਹੋ ਜਾਵੇ ਕਿ ਐਨੇ ਕੰਪਿਊਟਰ ਵੱਖ ਵੱਖ ਸਮੇਂ ਦੌਰਾਨ ਖਰਾਬ ਰਹੇ ਹਨ।
9. ਜ਼ਿਲ੍ਹਾ ਸਿੱਖਿਆ ਦਫ਼ਤਰ ਮਾਨਸਾ ਅਧੀਨ ਆਉਂਦੇ ਤਮਾਮ ਸਰਕਾਰੀ ਸਕੂਲਾਂ ਵਿੱਚ ਖਰਾਬ ਪਏ ਕੰਪਿਊਟਰਾਂ ਸੰਬੰਧੀ ਜਿਹੜਾ ਅਧਿਕਾਰੀ ਜਵਾਬਦੇਹ ਅਤੇ ਜੁੰਮੇਵਾਰ ਹੁੰਦਾ ਹੈ, ਭਾਵ ਜਿਸਨੂੰ ਕੰਪਿਊਟਰਾਂ ਦੀ ਹਰ ਪੱਖੋਂ ਜੁੰਮੇਵਾਰੀ ਦਿੱਤੀ ਹੁੰਦੀ ਹੈ, ਪਿਛਲੇ 15 ਸਾਲਾਂ ਦੌਰਾਨ ਜਿਹੜੇ ਜਿਹੜੇ ਕ੍ਰਮਚਾਰੀ ਜੁੰਮੇਵਾਰ ਜਵਾਬ ਦੇਹ ਰਹੇ ਹਨ, ਉਨ੍ਹਾਂ ਦੀ ਸੂਚੀ ਲੋੜੀਂਦੀ ਹੈ।
10. ਜ਼ਿਲ੍ਹਾ ਸਿੱਖਿਆ ਦਫ਼ਤਰ ਮਾਨਸਾ ਅਧੀਨ ਆਉਂਦੇ ਤਮਾਮ ਸਰਕਾਰੀ ਸਕੂਲਾਂ ਵਿੱਚ ਖਰਾਬ ਹੋਏ ਕੰਪਿਊਟਰਾਂ ਦੇ ਚੱਲਦਿਆਂ ਜਿਹੜੇ ਜਿਹੜੇ ਕ੍ਰਮਚਾਰੀਆਂ ਨੂੰ ਨੋਟਿਸ ਜਾਰੀ ਕੀਤਾ ਗਿਆ, ਤਲਬ ਕੀਤਾ ਗਿਆ, ਕਾਰਨ ਦੱਸੋਂ ਨੋਟਿਸ ਜਾਰੀ ਕੀਤੇ ਗਏ ਹਨ ਅਤੇ ਉਨ੍ਹਾਂ ਖਿਲਾਫ ਜਿਹੜੀ ਜਿਹੜੀ ਵਿਭਾਗੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ, ਉਸ ਸੰਬੰਧੀ ਹਰ ਪੱਖੋਂ ਮੁਕੰਮਲ ਦਸਤਾਵੇਜੀ ਸੂਚਨਾ ਲੋੜੀਂਦੀ ਹੈ।
11. ਜ਼ਿਲ੍ਹਾ ਸਿੱਖਿਆ ਦਫ਼ਤਰ ਮਾਨਸਾ ਅਧੀਨ ਆਉਂਦੇ ਸ.ਸ.ਸ.ਸਕੂਲ ਨੰਗਲ ਕਲਾਂ, ਸ.ਸ.ਸ.ਸਕੂਲ ਮਾਨਸਾ ਮੁੰਡੇ, ਸ.ਸ.ਸ.ਸਕੂਲ ਭੰਮੇਂਕਲਾਂ, ਸ.ਸ.ਸ.ਸਕੂਲ ਖਾਰਾ, ਸ.ਸ.ਸ.ਸਕੂਲ ਮੂਸਾ, ਸ.ਸ.ਸ.ਸਕੂਲ ਕੋਟੜਾਕਲਾਂ, ਸ.ਸ.ਸ.ਸਕੂਲ ਅੱਕਾਵਾਲੀ ਦੀਆਂ ਕੰਪਿਊਟਰ ਲੈਬਾਂ ਵਿੱਚ ਜਿੰਨੇ ਸਮੇਂ ਤੋਂ ਜਿਹੜੇ ਜਿਹੜੇ ਕੰਪਿਊਟਰ ਖਰਾਬ ਰਹੇ ਹਨ, ਉਨ੍ਹਾਂ ਦੀ ਮੁਕੰਮਲ ਸੂਚੀ, ਜਿਹੜੇ ਜਿਹੜੇ ਕੰਪਿਊਟਰ ਚਾਲੂ ਹਾਲਤ ਵਿੱਚ ਹਨ, ਉਨ੍ਹਾਂ ਦੀ ਸੂਚੀ ਲੋੜੀਂਦੀ ਹੈ।
12. ਜ਼ਿਲ੍ਹਾ ਸਿੱਖਿਆ ਦਫ਼ਤਰ ਮਾਨਸਾ ਅਧੀਨ ਆਉਂਦੇ ਤਮਾਮ ਸਰਕਾਰੀ ਸਕੂਲਾਂ ਦੀਆਂ ਕੰਪਿਊਟਰ ਲੈਬਾਂ ਲਈ ਖਰੀਦ ਕੀਤੇ ਗਏ ਕੰਪਿਊਟਰਾਂ ਦੇ ਬਿਲ, ਕੁਟੇਸ਼ਨਾ, ਸਿਫਾਰਿਸ਼ ਪੱਤਰਾਂ ਦੀਆਂ ਕਾਪੀਆਂ ਲੋੜੀਂਦੀਆਂ ਹਨ।
13. ਜ਼ਿਲ੍ਹਾ ਸਿੱਖਿਆ ਦਫ਼ਤਰ ਮਾਨਸਾ ਅਧੀਨ ਆਉਂਦੇ ਤਮਾਮ ਸਰਕਾਰੀ ਸਕੂਲਾਂ ਦੀਆਂ ਕੰਪਿਊਟਰ ਲੈਬਾਂ ਵਿੱਚ ਅੱਜ ਤੱਕ ਖਰਾਬ ਹੋਏ ਕੰਪਿਊਟਰਾਂ ਦੀ ਮੁਰੰਮਤ ਲਈ ਜੋ ਬਿਲ ਕਲੇਮ ਕੀਤੇ ਗਏ ਹਨ, ਪਿਛਲੇ 15 ਸਾਲਾਂ ਦੌਰਾਨ ਕਲੇਮ ਕੀਤੇ ਗਏ ਬਿਲਾਂ ਦੀਆਂ ਕਾਪੀਆਂ ਲੋੜੀਂਦੀਆਂ ਹਨ।

ਨੋਟ - ਉਪਰੋਕਤ ਮੰਗੀ ਗਈ ਸੂਚਨਾ ਜਨਹਿੱਤ ਵਿੱਚ ਹੈ, ਕ੍ਰਿਪਾ ਕਰਕੇ ਹਰ ਪੱਖੋਂ ਮੁਕੰਮਲ ਦਸਤਾਵੇਜੀ ਸੂਚਨਾ ਦਿੱਤੀ ਜਾਵੇ, ਸੂਚਨਾ ਕ੍ਰਿਏਟ ਕਰਕੇ ਨਾ ਭੇਜੀ ਜਾਵੇ।